# ਪੰਜਾਬੀ

# TMA (310)

**(Senior Secondary)**

ਕੁਲ ਅੰਕ : 20
**MM. : 20**

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

**ਪ੍ਰ.1. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਤੁਸੀਂ ਲਿਖਦੇ ਸਮੇਂ ਵੱਖ-ਵੱਖ ਵਾਕਾਂ ਜਿਵੇਂ ਸੰਯੁਕਤ, ਮਿਸ਼ਰਤ, ਸਾਧਾਰਨ, ਗੁੰਝਲਦਾਰ ਆਦਿ ਵਾਕਾਂ ਨੂੰ ਪੜ੍ਹਦੇ ਅਤੇ ਲਿਖਦੇ ਹੋ। ਇਸੇ ਤਰ੍ਹਾਂ ਵੱਖ-ਵੱਖ ਵਾਕਾਂ ਦੀ ਪਰਿਭਾਸ਼ਾ ਦਿੰਦੇ ਹੋਏ ਬਿਆਨੀਆ ਵਾਕ ਬਾਰੇ ਜਾਣਕਾਰੀ ਦਿਓ।

**ਜਾਂ**

ਹਰ ਖੇਤਰ ਦਾ ਆਪਣਾ ਸੱਭਿਆਚਾਰ ਹੁੰਦਾ ਹੈ ਜਿਸ ਦਾ ਪ੍ਰਭਾਵ ਉਸਦੇ ਵਸਨੀਕਾਂ ਤੇ ਪੈਂਦਾ ਹੈ। ਇਸ ਤਰ੍ਹਾਂ ਪੰਜਾਬ ਦੇ ਜੁਆਨਾਂ ਦਾ ਵੀ ਸੁਭਾਅ ਹੈ। **'ਪੰਜਾਬ'** ਕਵਿਤਾ ਦੇ ਅਧਾਰ ਤੇ ਉਥੋਂ ਦੇ ਜਵਾਨਾਂ ਦੇ ਸੁਭਾਅ ਬਾਰੇ ਜਾਣਕਾਰੀ ਦਿਓ।

**ਪ੍ਰ.2. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਇਥੇ ਦਾਤੇ ਬਲਕਾਰ ਆਏ,
ਇਥੇ ਸਾਂਈ ਦੇ ਪਿਆਰੇ ਆਏ,

ਇਸ ਧਰਤੀ ਵਿੱਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ, ਇਥੇ ਸਤਿਗੁਰ ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ। ਇਸ ਕਾਵਿ ਰਾਹੀਂ ਕਵੀ ਕਿਸ ਧਰਤੀ ਦੀ ਗੱਲ ਕਰ ਰਿਹਾ ਹੈ। ਉਥੇ ਕਿਹੋ ਜਿਹੇ ਲਕਾਂ ਦੇ ਆਉਣ ਦਾ ਜ਼ਿਕਰ ਕੀਤਾ ਹੈ।

**ਜਾਂ**

ਬਾਬਾ ਫਰੀਦ ਦੇ ਸਲੋਕਾਂ ਦਾ ਵਿਸ਼ਾ ਵਸਤੂ ਕੀ ਹੈ? ਉਹਨਾਂ ਨੇ ਆਪਣੇ ਸਲੋਕਾਂ ਵਿੱਚ ਮਨੁੱਖ ਨੂੰ ਕੀ ਨੈਤਿਕ ਸਿੱਖਿਆ ਦਿੱਤੀ ਹੈ?

**ਪ੍ਰ.3. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਤੁਸੀਂ ਦੇਸ-ਪ੍ਰਦੇਸ ਦੀ ਯਾਤਰਾ ਕਰਦੇ ਹੋ ਤਾਂ ਉਥੋਂ ਦੇ ਲੋਕਾਂ ਦੇ ਰਹਿਣ-ਸਹਿਣ ਬਾਰੇ ਵੀ ਜਾਣਕਾਰੀ ਹਾਸਲ ਕਰਦੇ ਹੋਵੋਗੇ। ਨਿਊਯਾਰਕ ਸ਼ਹਿਰ ਤੇ ਜਿਸ ਸ਼ਹਿਰ ਵਿੱਚ ਤੁਸੀਂ ਰਹਿੰਦੇ ਹੋ ਉਸ ਸ਼ਹਿਰ ਦੀ ਤੁਲਨਾ ਕਰਦੇ ਹੋਏ ਆਪਣੇ ਵਿਚਾਰ ਲਿਖੋ।

**ਜਾਂ**

ਕਿਸੀ ਗੱਲਬਾਤ ਨੂੰ ਲਿਖਤੀ ਰੂਪ ਦੇਣ ਲਈ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ? ਇਹਨਾਂ ਵਾਕਾਂ ਵਿਚਲੇ



**Contact for Solutions Unnati Educations**
**9899436384, 9654279279**

ਭਾਵਾਂ ਨੂੰ ਪ੍ਰਗਟ ਕਰਨ ਲਈ ਕਿਹੋ ਜਿਹੇ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ? ਉਹਨਾਂ ਦੇ ਨਾਂ ਲਿਖੋ ਤੇ ਕਿਸੀ ਇੱਕ ਵਾਕ ਦੀ ਕਿਸਮ ਦੀ ਪਰਿਭਾਸ਼ਾ ਲਿਖੋ।

ਪ੍ਰ.4. **ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਲੇਖਕ ਕਰਤਾਰ ਸਿੰਘ ਦੁੱਗਲ ਬਚਪਨ ਤੋਂ ਹੀ ਵਿਗਿਆਨਕ ਸੋਚ ਦਾ ਧਾਰਣੀ ਸੀ। ਜਿਸ ਕਰਕੇ ਉਹ ਹਰ ਗੱਲ ਨੂੰ ਤਾਰਕਿਕ ਢੰਗ ਨਾਲ ਕਰਦਾ ਸੀ। ਉਸ ਵੱਲੋਂ ਮਹਾਂਪੁਰਖਾਂ ਬਾਰੇ ਕਿੰਤੂ-ਪਰੰਤੂ ਕਰਨ ਕਰਕੇ ਕਈ ਵਾਰੀ ਉਹਦੀ ਮਾਂ ਨਾਲ ਲੜਾਈ ਵੀ ਹੋ ਜਾਂਦੀ ਸੀ। ਸਹੀ ਅਰਥਾਂ ਵਿੱਚ ਲੇਖਕ ਨੂੰ 'ਪੰਜਾ ਸਾਹਿਬ' ਦੀ ਸਾਖੀ ਬਾਰੇ ਕਿਵੇਂ ਅਤੇ ਕਦੋਂ ਯਕੀਨ ਆਇਆ।

**ਜਾਂ**

ਪੰਜਾਬ ਦੀ ਧਰਤੀ ਪ੍ਰੇਮ-ਪਿਆਰ ਦੇ ਕਿੱਸਿਆਂ ਨੂੰ ਆਪਣੇ ਸੱਭਿਆਚਾਰ ਵਿੱਚ ਸੰਭਾਲੀ ਬੈਠੀ ਹੈ? ਰਾਂਝੇ ਨੇ ਬਾਲਨਾਥ ਯੋਗੀ ਤੋਂ ਜੋਗ ਧਾਰਨ ਕੀਤਾ ਤੇ ਫੇਰ ਜੋਗ ਵਾਪਸ ਲੈਣ ਲਈ ਜ਼ੋਰ ਪਾਇਆ। ਅਜਿਹਾ ਕਿਉਂ ਹੋਇਆ? ਇਸ ਪੂਰੇ ਕਿੱਸੇ ਬਾਰੇ ਆਪਣੇ ਸ਼ਬਦਾਂ ਵਿੱਚ ਜਾਣਕਾਰੀ ਦਿਓ।

ਪ੍ਰ. 5. **ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਕਰਾਮਾਤ ਕਹਾਣੀ ਵਿੱਚ ਸਿਰਲੇਖ ਅਨੁਸਾਰ ਕੋਈ ਕਰਾਮਾਤ ਘੱਟਦੀ ਹੋਈ ਨਜ਼ਰ ਨਹੀਂ ਆਉਂਦੀ। ਲੇਕਿਨ ਇਹ ਸਿਰਲੇਖ ਸਾਨੂੰ ਇੱਕ ਵੱਖਰੀ ਕਿਸਮ ਦਾ ਸੁਨੇਹਾ ਦਿੰਦਾ ਨਜ਼ਰ ਆਉਂਦਾ ਹੈ। ਉਹ ਸੁਨੇਹਾ ਕਿਹੜਾ ਹੈ? ਆਪਣੇ ਵਿਚਾਰ ਪ੍ਰਗਟ ਕਰੋ।

**ਜਾਂ**

ਆਮ ਧਾਰਨਾ ਹੈ ਹਰ ਬਾਰਾਂ ਕੋਹ ਦੇ ਭਾਸ਼ਾ ਆਪਣਾ ਰੂਪ ਬਦਲ ਲੈਂਦੀ ਹੈ। ਇਸ ਬਾਰੇ ਆਪਣੇ ਆਲੇ-ਦੁਆਲੇ ਵੀ ਮਹਿਸੂਸ ਕੀਤਾ ਹੋਵੇਗਾ। ਪੰਜਾਬੀ ਭਾਸ਼ਾ ਦੀ ਪ੍ਰਮੁੱਖ ਉਪ-ਭਾਸ਼ਾਵਾਂ ਕਿਹੜੀਆਂ ਹਨ? ਇਹਨਾਂ ਭਾਸ਼ਾਵਾਂ ਦੇ ਨਾਮ ਅਤੇ ਇਲਾਕਿਆਂ ਬਾਰੇ ਜਾਣਕਾਰੀ ਦਿਓ।

ਪ੍ਰ. 6. 500 **ਸ਼ਬਦਾਂ ਵਿੱਚ ਕੋਈ ਇੱਕ ਪ੍ਰੋਜੈਕਟ ਬਣਾਓ—** (6)

ਕਰਾਮਾਤ ਕਹਾਣੀ ਦੇ ਲੇਖਕ ਕਰਤਾਰ ਸਿੰਘ ਦੁੱਗਲ ਨੂੰ ਪੰਜਾ ਸਾਹਿਬ ਦੇ ਸਾਕੇ ਬਾਰੇ ਸੁਣ ਕੇ ਪੰਜਾ ਸਾਹਿਬ ਵਾਲੀ ਸਾਖੀ ਤੇ ਯਕੀਨ ਹੋ ਗਿਆ। ਇਹਨਾਂ ਦੋਹਾਂ ਘਟਨਾਵਾਂ ਬਾਰੇ, 'ਸਾਖੀ' ਅਤੇ 'ਸਾਕੇ' ਆਪਣੇ ਸ਼ਬਦਾਂ ਵਿੱਚ ਬਿਆਨ ਕਰਦੇ ਹੋਏ ਤਸਵੀਰ ਸਹਿਤ ਪ੍ਰੋਜੈਕਟ ਤਿਆਰ ਕਰੋ।

**ਜਾਂ**

ਅੱਜ ਅਮਰੀਕਾ ਵਿਸ਼ਵ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਸਮਰੱਥ ਮੁਲਕ ਹੈ। ਇਥੋਂ ਦੇ ਲੋਕਾਂ ਦੇ ਖਾਣ-ਪੀਣ ਤੇ ਰਹਿਣ ਸਹਿਣ ਦਾ ਢੰਗ ਵੀ ਵੱਖਰਾ ਹੈ। ਆਪਣੇ ਮੁਲਕ ਦੇ ਨਾਲ ਤੁਲਨਾ ਕਰਦੇ ਹੋਏ ਇਸ ਬਾਰੇ ਇਕ ਤਾਲਿਕਾ ਤਿਆਰ ਕਰੋ ਤੇ ਲੋੜ ਮੁਤਾਬਕ ਤਸਵੀਰਾਂ ਦੀ ਵਰਤੋਂ ਵੀ ਕਰੋ।



**Contact for Solutions Unnati Educations**
**9899436384, 9654279279**

# ਪੰਜਾਬੀ

# TMA

**(Senior Secondary)**

ਕੁਲ ਅੰਕ : 20
**MM. : 20**

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

**ਪ੍ਰ.1. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਬੋਲਚਾਲ ਵਿੱਚ ਅਸੀਂ ਇਕੋ ਸ਼ਬਦ ਦੇ ਕਈ ਅਰਥ ਕੱਢ ਲੈਂਦੇ ਹਾਂ, ਇੰਨ੍ਹਾਂ ਸ਼ਬਦਾਂ ਨੂੰ ਕੀ ਕਹਿੰਦੇ ਹਨ? ਕੋਈ ਦੋ ਸ਼ਬਦਾਂ ਤੇ ਉਨ੍ਹਾਂ ਦੇ ਵੱਖ-ਵੱਖ ਅਰਥ ਸਪਸ਼ੱਟ ਕਰਦੇ ਹੋਏ ਵਾਕ ਬਣਾਓ।

**ਜਾਂ**

ਹਰ ਖੇਤਰ ਦਾ ਆਪਣਾ ਸੱਭਿਆਚਾਰ ਹੁੰਦਾ ਹੈ। ਜਿਸਦਾ ਪ੍ਰਭਾਵ ਉਸਦੇ ਵਸਨੀਕਾਂ ਤੇ ਪੈਂਦਾ ਹੈ? ਇਸੇ ਤਰ੍ਹਾਂ ਪੰਜਾਬ ਦੇ ਜਵਾਨਾਂ ਦਾ ਵੀ ਸੁਭਾਅ ਹੈ। ਕਵਿਤਾ ਦੇ ਆਧਾਰ ਤੇ ਪੰਜਾਬ ਦੇ ਜਵਾਨਾਂ ਦੇ ਸੁਭਾਅ ਬਾਰੇ ਜਾਣਕਾਰੀ ਦਿਓ।

**ਪ੍ਰ.2. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਅੱਜ ਅਸੀਂ ਧਰਮ ਦੇ ਨਾਂ ਤੇ ਝਗੜੇ ਕਰ ਰਹੇ ਹਾਂ, ਪਰ ਸਾਡੇ ਸਮਾਜ ਵਿੱਚ ਸਾਨੂੰ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦਾ ਇਤਿਹਾਸ ਨਹੀਂ ਮਿਲਦਾ ਹੈ। ਆਪਣੀ ਪਾਠ ਪੁਸਤਕ ਵਿੱਚ ਦਰਜ ਕਿਸੇ ਇੱਕ ਕਵਿਤਾ ਵਿਚੋਂ ਤੁਹਾਨੂੰ ਇਹ ਸਮਾਜਕ ਭਾਈਚਾਰੇ ਵਾਲਾ ਰੂਪ ਦੇਖਣ ਨੂੰ ਮਿਲਦਾ ਹੈ? ਇਸ ਦਾ ਉੱਤਰ ਆਪਣੀ ਭਾਸ਼ਾ ਵਿੱਚ ਲਿਖੋ।

**ਜਾਂ**

ਮੁੱਖ ਦੇ ਹਾਵਾਂ-ਭਾਵਾਂ ਨੂੰ ਸ਼ਬਦਾਂ ਤੋਂ ਵਾਕਾਂ ਰਾਹੀਂ ਲਿਖਤੀ ਰੂਪ ਦਿੱਤਾ ਜਾਂਦਾ ਹੈ? ਸ਼ਬਦ ਰਚਨਾ ਲਈ ਸ਼ਬਦਾਂ ਦੀ ਬਣਤਰ ਬਾਰੇ ਤੁਸੀਂ ਕੀ ਜਾਣਦੇ ਹੋ? ਸ਼ਬਦ ਬਣਤਰ ਕਿੰਨੇ ਤਰ੍ਹਾਂ ਦੀ ਹੁੰਦੀ ਹੈ? ਉਦਾਹਰਣ ਸਹਿਤ ਜਾਣਕਾਰੀ ਦਿਓ।

**ਪ੍ਰ.3. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਕੀ ਕੋਈ ਤੁਫ਼ਾਨ ਦੀ ਗਤੀ ਨਾਲ ਚਲਦੀ ਆ ਰਹੀ ਰੇਲਗੱਡੀ ਨੂੰ ਰੋਕ ਸਕਦਾ ਹੈ? ਹਸਨ ਅਬਦਾਲ ਦੇ ਲੋਕਾਂ ਨੇ ਆਪਣੀ ਜਾਨਾਂ ਵਾਰ ਕੇ ਤੇਜ਼ ਰਫ਼ਤਾਰ ਰੇਲ ਗੱਡੀ ਨੂੰ ਕਿਉਂ ਰੋਕਿਆ? ਕੀ ਇਸ ਵਿੱਚ ਉਨ੍ਹਾਂ ਦਾ ਨਿਜੀ ਸੁਆਰਥ ਸੀ? ਇਸ ਬਾਰੇ ਜਾਣਕਾਰੀ ਦਿਓ।

**ਜਾਂ**

ਕਿਸੀ ਗੱਲਬਾਤ ਨੂੰ ਲਿਖਤੀ ਰੂਪ ਦੇਣ ਲਈ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ? ਇਹਨਾਂ ਵਾਕਾਂ ਵਿਚਲੇ ਭਾਵਾਂ ਨੂੰ ਪ੍ਰਗਟ ਕਰਨ ਲਈ ਕਿਹੋ ਜਿਹੇ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ? ਉਨ੍ਹਾਂ ਦੇ ਨਾਂ ਲਿਖੋ ਤੇ ਤੇ ਕਿਸੀ ਇੱਕ ਵਾਕ ਦੀ ਕਿਸਮ ਦੀ ਪਰਿਭਾਸ਼ਾ ਵੀ ਲਿਖੋ।



Contact for Solutions Unnati Educations
9899436384, 9654279279

**ਪ੍ਰ.4. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਪੰਜਾਬ ਦੀ ਧਰਤੀ ਸੱਚੇ ਪ੍ਰੇਮ-ਪਿਆਰ ਦੇ ਕਿੱਸਿਆਂ ਨੂੰ ਆਪਣੇ ਸੱਭਿਆਚਾਰ ਦਾ ਹਿੱਸਾ ਬਣਾਈ ਬੈਠੀ ਹੈ? ਬਾਲਨਾਥ ਜੋਗੀ ਤੋਂ ਰਾਂਝੇ ਨੇ ਜੋਗ ਲਿਤਾ ਤੇ ਫੇਰ ਜੋਗ ਵਾਪਸ ਲੈਣ ਲਈ ਜ਼ੋਰ ਪਾਇਆ। ਅਜਿਹਾ ਕਿਉਂ ਹੋਇਆ? ਇਸ ਪੂਰੇ ਕਿੱਸੇ ਬਾਰੇ ਆਪਣੇ ਸ਼ਬਦਾਂ ਵਿੱਚ ਸੰਖੇਪ ਜਾਣਕਾਰੀ ਦਿਓ।

**ਜਾਂ**

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੇ ਲੰਮੀ ਯਾਤਰਾਵਾਂ ਕੀਤੀਆਂ? ਉਨ੍ਹਾਂ ਦਾ ਸਾਥ ਬਹੁਤ ਪੱਕਾ ਸੀ? ਧਰਮ ਦੇ ਫ਼ਰਕ ਨੇ ਕਦੀ ਉਨ੍ਹਾਂ ਦੇ ਸੰਬੰਧਾਂ ਵਿੱਚ ਫ਼ਰਕ ਨਹੀਂ ਪਾਇਆ? ਪਰ ਹਸਨ ਅਬਦਾਲ ਦੇ ਵਲੀ ਕੰਧਾਰੀ ਨੇ ਭਾਈ ਮਰਦਾਨੇ ਨੂੰ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ? ਕਿਉਂ? ਤੁਹਾਨੂੰ ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ, ਆਪਣੇ ਵਿਚਾਰ ਲਿਖੋ।

**ਪ੍ਰ. 5. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਲੇਖਕ ਕਰਤਾਰ ਸਿੰਘ ਦੁੱਗਲ ਅਨੁਸਾਰ ਉਹ ਸਾਕੇ ਦੀ ਖ਼ਬਰ ਸੁਣਕੇ ਕੀ ਸੋਚਦੇ ਸਨ? ਕਿਸ ਸ਼ਹਿਰ ਦਾ ਨਾਂ ਪੰਜਾ ਸਾਹਿਬ ਪ੍ਰਚਲੱਤ ਹੈ? ਪੰਜਾ ਲਾਉਣ ਵਾਲੀ ਸਾਖੀ ਅਤੇ ਪੰਜਾਬ ਸਾਹਿਬ ਸਟੇਸ਼ਨ ਤੇ ਤੁਫ਼ਾਨ ਵਾਂਗ ਤੇਜ਼ ਆਉਂਦੀ ਗੱਡੀ ਰੋਕਣ ਦੀ ਘਟਨਾ ਬਾਰੇ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋ ਜਾਂ ਨਹੀਂ? ਆਪਣੇ ਵਿਚਾਰ ਦੱਸੋ?

**ਜਾਂ**

ਮਨੁੱਖ ਦੀ ਭਾਸ਼ਾ ਉਸਦੇ ਕਿਰਦਾਰ ਦਾ ਸ਼ੀਸ਼ਾ ਹੁੰਦੀ ਹੈ? ਲੇਖਕਾਂ-ਕਵੀਆਂ ਦੀ ਵੀ ਰਚਨਾਵਾਂ ਲਿਖਣ ਲਈ ਇਕ ਵਿਲੱਖਣ ਸ਼ੈਲੀ ਹੁੰਦੀ ਹੈ? ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਦੀ ਭਾਸ਼ਾ-ਸ਼ੈਲੀ ਬਾਰੇ ਜਾਣਕਾਰੀ ਦਿਓ।

**ਪ੍ਰ. 6. ਕੋਈ ਇੱਕ ਪ੍ਰੋਜੈਕਟ ਬਣਾਓ—** (6)

ਅਖਾਣ ਮੁਹਾਵਰੇ ਖੇਤਰੀ ਭਾਸ਼ਾਵਾਂ ਦਾ ਸ਼ਿੰਗਾਰ ਹੁੰਦੇ ਹਨ? ਕਈ ਵਾਰ ਅਸੀਂ ਸਿੱਧੇ ਤੌਰ ਤੇ ਕਿਸੀ ਨੂੰ ਕੋਈ ਗੱਲ ਨਹੀਂ ਕਹਿ ਸਕਦੇ, ਉਸ ਸਮੇਂ ਅਖਾਣ ਸਾਡੀ ਮਦਦ ਕਰਦੇ ਹਨ? ਪੰਜਾਬੀ ਭਾਸ਼ਾ ਵਿੱਚ ਵੀ ਅਖਾਣ-ਮੁਹਾਵਰਿਆਂ ਦੇ ਭੰਡਾਰ ਵਿੱਚ ਸਾਡਾ ਵਿਰਸਾ ਸਾਂਭਿਆ ਹੋਇਆ ਹੈ? ਆਪਣੇ ਬਜ਼ੁਰਗਾਂ ਕੋਲੋਂ ਸਹਿਜ-ਸੁਭਾਅ ਤੁਸੀਂ ਵੀ ਅਜਿਹੇ 3 ਮੁਹਾਵਰੇ ਜਾਂ ਅਖਾਣ ਸਮੇਂ-ਸਮੇਂ ਤੇ ਸੁਣੇ ਹੋਣਗੇ। ਉਨ੍ਹਾਂ ਨੂੰ ਇਕੱਠਿਆਂ ਕਰੋ ਤੇ ਅਰਥ ਸਹਿਤ ਲਿਖ ਕੇ ਰੰਗੀਨ ਕਾਗਜਾਂ ਵਾਲੀ ਪ੍ਰੋਜੈਕਟ ਫਾਈਲ ਤਿਆਰ ਕਰੋ।

**ਜਾਂ**

ਅਜ਼ਾਦੀ ਤੋਂ ਪਹਿਲਾਂ ਵਾਲੇ ਪੰਜਾਬ ਦਾ ਅਤੇ ਮੌਜੂਦਾ ਪੰਜਾਬ ਦਾ ਨਕਸ਼ਾ ਲੈ ਕੇ ਪ੍ਰਮੁੱਖ ਸ਼ਹਿਰਾਂ ਦੇ ਨਾਂ ਲਿਖੋ ਤੇ ਇਨ੍ਹਾਂ ਸ਼ਹਿਰਾਂ ਬਾਰੇ 2-2 ਜਾਂ 3-3 ਲਾਈਨਾਂ ਵਿੱਚ ਸੰਖੇਪ ਜਾਣਕਾਰੀ ਦਿੰਦੇ ਹੋਏ ਪ੍ਰੋਜੈਕਟ ਤਿਆਰ ਕਰੋ।



Contact for Solutions Unnati Educations
9899436384, 9654279279

# ਪੰਜਾਬੀ

# TMA

**(Senior Secondary)**

ਕੁਲ ਅੰਕ : 20
**MM. : 20**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

**ਪ੍ਰ.1. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਨੁੱਖ ਕਹਾਣੀ ਕਹਿਣ ਤੇ ਸੁਣਨ ਦੀ ਕਿਰਿਆ ਰਾਹੀਂ ਪਰਿਵਾਰ ਦੇ ਜੀਆਂ ਵਿੱਚ ਸਾਂਝ ਬਣਾਉਂਦਾ ਹੈ? ਕਰਾਮਾਤ ਕਹਾਣੀ ਰਾਹੀਂ ਲੇਖਕ ਕਿਸ ਮਹਾਨ ਸ਼ਖਸ਼ੀਅਤ ਦੇ ਜੀਵਨ ਬਾਰੇ ਜਾਣਕਾਰੀ ਦੇ ਰਿਹਾ ਹੈ। ਤੁਸੀਂ ਉਹਨਾਂ ਬਾਰੇ ਕੀ ਜਾਣਦੇ ਹੋ? ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਤੁਹਾਨੂੰ ਕਦੀ ਨਾ ਕਦੀ ਕਿਸੇ ਸਫ਼ਰ ਤੇ ਜਾਣ ਦਾ ਮੌਕਾ ਮਿਲਿਆ ਹੋਵੇਗਾ? ਜੇ ਤੁਹਾਨੂੰ ਇਸ ਸਫ਼ਰ ਬਾਰੇ ਲਿਖਤੀ ਜਾਣਕਾਰੀ ਦੇਣ ਲਈ ਕਿਹਾ ਜਾਵੇ ਤਾਂ ਇਹ ਸਾਹਿਤ ਦੇ ਕਿਸ ਰੂਪ ਦਾ ਅੰਗ ਮੰਨਿਆ ਜਾਵੇਗਾ ਤੇ ਕਿਉਂ?

**ਪ੍ਰ.2. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਸੰਸਥਾਪਕ ਹਨ। ਲੇਕਿਨ ਉਹਨਾਂ ਨੇ ਆਪਣੇ ਜੀਵਨ ਵਿੱਚ ਬਿਨਾਂ ਕਿਸੇ ਧਾਰਮਿਕ ਵਿਤਕਰੇ ਦੇ ਮਾਨਵਤਾ ਦੇ ਕਲਿਆਣ ਲਈ ਕਾਰਜ ਕੀਤੇ? ਉਹਨਾਂ ਦੀ ਹਸਨ ਅਬਦਾਲ ਦੀ ਯਾਤਰਾ ਸਮੇਂ ਕਿਹੜੀ ਘਟਨਾ ਵਾਪਰੀ? ਉਸ ਬਾਰੇ ਸੰਖੇਪ ਜਾਣਕਾਰੀ ਦਿਓ।

**ਜਾਂ**

ਰਫ਼ਤਾਰ ਪ੍ਰਤੀਕ ਹੈ ਵਿਕਾਸ ਦਾ। ਅੱਜ ਵਿਸ਼ਵ ਵਿੱਚ ਸਭ ਤੋਂ ਜ਼ਿਆਦਾ ਰਫ਼ਤਾਰ ਨਾਲ ਕਿਹੜਾ ਦੇਸ਼ ਵਿਕਾਸ ਕਰ ਰਿਹਾ ਹੈ? ਤੁਸੀਂ ਉਸ ਦੇਸ਼ ਦੀ ਤਰੱਕੀ ਬਾਰੇ ਕੀ ਜਾਣਦੇ ਹੋ? ਆਪਣੇ ਸ਼ਬਦਾਂ ਵਿੱਚ ਜਾਣਕਾਰੀ ਦਿਓ।

**ਪ੍ਰ.3. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਸ਼ਰੀਰ ਨੂੰ ਸਿਹਤਮੰਦ ਰੱਖਣ ਲਈ ਸੈਰ ਤੇ ਵਰਜਿਸ਼ ਦਾ ਅੱਜ ਇੱਕ ਫ਼ੈਸ਼ਨ ਜਿਹਾ ਹੀ ਬਣ ਗਿਆ ਹੈ? ਪੰਜਾਬ ਦੇ ਜਵਾਨ ਆਪਣੇ ਸ਼ਰੀਰ ਨੂੰ ਸਿਹਤਮੰਦ ਰੱਖਣ ਲਈ ਕੀ ਕਰਦੇ ਸਨ? ਪ੍ਰੋ. ਪੂਰਨ ਸਿੰਘ ਇਸ ਬਾਰੇ ਆਪਣੀ ਕਵਿਤਾ ਵਿੱਚ ਕੀ ਦੱਸਦੇ ਹਨ? ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਤਰੱਕੀ ਦੇ ਰਾਹ ਤੇ ਤੁਰਨ ਸਮੇਂ ਜਾਤ-ਪਾਤ ਦਾ ਭੇਦ ਰੁਕਾਵਟ ਬਣਦਾ ਹੈ, ਪਰ ਅਮਰੀਕਾ ਵਿੱਚ ਅਜਿਹਾ ਨਹੀਂ ਹੋਇਆ? ਅਮਰੀਕਾ ਵਿੱਚ ਮੁੱਖ ਤੌਰ ਤੇ ਕਿਹੜੇ-ਕਿਹੜੇ ਧਰਮਾਂ ਤੇ ਇਲਾਕਿਆਂ ਦੇ ਲੋਕ ਵੱਸਦੇ ਹਨ? ਜਾਣਕਾਰੀ ਦਿਓ।



**Contact for Solutions Unnati Educations**
**9899436384, 9654279279**

**ਪ੍ਰ.4. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਬੋਲਚਾਲ ਦੀ ਭਾਸ਼ਾ ਨੂੰ ਸ਼ੁੱਧ ਲਿਖਤੀ ਰੂਪ ਦੇਣ ਲਈ ਵਿਆਕਰਨ ਦੀ ਨਿਯਮਾਵਲੀ ਹੈ। ਪੰਜਾਬੀ ਭਾਸ਼ਾ ਨੂੰ ਸ਼ੁੱਧ ਲਿਖਤੀ ਰੂਪ ਦੇਣ ਲਈ ਵਿਆਕਰਨ ਦੇ ਕਿਹੜੇ ਨਿਯਮ ਹਨ? ਇਨਾਂ ਬਾਰੇ ਸੰਖੇਪ ਜਾਣਕਾਰੀ ਦਿਓ।

**ਜਾਂ**

ਸਾਡਾ ਭਾਰਤ ਦੇਸ਼ ਕਿੰਨੇ ਸ਼ਹਿਰਾਂ ਦਾ ਸਮੂਹ ਹੈ। ਭਾਰਤ ਦੇ ਪੰਜ ਪ੍ਰਮੁੱਖ ਸ਼ਹਿਰਾਂ ਦੇ ਨਾਂ ਲਿਖੋ ਅਤੇ ਹਰੇਕ ਸ਼ਹਿਰ ਦੀ ਇੱਕ ਦੋ ਵਿਸ਼ੇਸ਼ਤਾਵਾਂ ਵੀ ਲਿਖੋ। ਨਿਊਯਾਰਕ ਸ਼ਹਿਰ ਨੂੰ ਵੀ ਪੰਜ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਸ ਦੇ ਪ੍ਰਮੁੱਖ ਸ਼ਹਿਰਾਂ ਬਾਰੇ ਜਾਣਕਾਰੀ ਆਪਣੀ ਪਾਠ-ਪੁਸਤਕ ਦੇ ਆਧਾਰ ਤੇ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ. 5. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਸਿਆਣੇ ਕਹਿੰਦੇ ਹਨ ਕਿ ਹਰ ਬਾਰਾਂ ਕੋਹ ਦੇ ਬਾਅਦ ਭਾਸ਼ਾ ਆਪਣਾ ਰੂਪ ਬਦਲ ਲੈਂਦੀ ਹੈ? ਇਸ ਦਾ ਪ੍ਰਮਾਣ ਤੁਹਾਨੂੰ ਵੀ ਆਪਣੇ ਆਲੇ-ਦੁਆਲੇ ਤੇ ਭਾਈਚਾਰੇ ਵਿੱਚ ਵਿਚਰਦਿਆਂ ਮਿਲਿਆ ਹੋਵੇਗਾ। ਪੰਜਾਬੀ ਭਾਸ਼ਾ ਦੀ ਪ੍ਰਮੁੱਖ ਉਪ-ਭਾਸ਼ਾਵਾਂ ਕਿਹੜੀਆਂ ਹਨ। ਇਹਨਾਂ ਦੇ ਨਾਂ ਅਤੇ ਇਲਾਕਿਆਂ ਬਾਰੇ ਜਾਣਕਾਰੀ ਦਿਓ।

**ਜਾਂ**

ਪੱਛਮੀ ਦੁਨੀਆਂ ਵਿੱਚ ਸਮੇਂ ਦੇ ਬਦਲਣ ਨਾਲ ਮਨੁੱਖ ਦੇ ਜੀਵਨ ਵਿੱਚ ਵੀ ਤੇਜ਼ੀ ਨਾਲ ਪਰਿਵਰਤਨ ਆ ਰਿਹਾ ਹੈ? ਇਸ ਗੱਲ ਦਾ ਬਿਆਨ ਲੇਖਕ ਨੇ ਆਪਣੇ ਸਫ਼ਰਨਾਮੇ ਰਾਹੀਂ ਕੀਤਾ ਹੈ। ਸਫ਼ਰਨਾਮਾ ਕੀ ਹੁੰਦਾ ਹੈ? ਸਫ਼ਰਨਾਮਾ ਕੌਣ ਤੇ ਕਿਉਂ ਲਿਖਦਾ ਹੈ? ਆਪਣੇ ਵਿਚਾਰਾਂ ਨੂੰ ਸੰਖੇਪ ਵਿੱਚ ਪ੍ਰਗਟ ਕਰੋ।

**ਪ੍ਰ. 6. ਕੋਈ ਇੱਕ ਪ੍ਰੋਜੈਕਟ ਬਣਾਓ—** (6)

ਲੇਖਕ ਕਰਤਾਰ ਸਿੰਘ ਦੁੱਗਲ ਨੂੰ ਪੰਜਾ ਸਾਹਿਬ ਵਾਲੀ ਸਾਖੀ ਤੇ ਯਕੀਨ ਪੰਜਾ ਸਾਹਿਬ ਦੇ ਸਾਕੇ ਬਾਰੇ ਸੁਣ ਕੇ ਆਇਆ? ਇਨ੍ਹਾਂ ਦੋਹਾਂ ਘਟਨਾਵਾਂ 'ਸਾਖੀ ਅਤੇ ਸਾਕੇ' ਬਾਰੇ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੇ ਹੋਏ ਪ੍ਰੋਜੈਕਟ ਤਿਆਰ ਕਰੋ।

**ਜਾਂ**

ਤੁਸੀਂ ਵੀ ਕਿਸੀ ਨਾ ਕਿਸੀ ਸਥਾਨ ਦਾ ਸਫ਼ਰ ਕੀਤਾ ਹੋਵੇਗਾ। ਇਸ ਸਫ਼ਰ ਬਾਰੇ ਆਪਣਾ ਅਨੁਭਵ, ਖੇਤਰੀ ਜਾਣਖਾਰੀ, ਲੋਕਾਂ ਦੇ ਖਾਣ-ਪਾਣ ਬਾਰੇ ਅਤੇ ਖੇਤਰੀ ਮੌਸਮ ਬਾਰੇ ਜਾਣਕਾਰੀ ਦਿੰਦਾ ਹੋਇਆ ਤਸਵੀਰਾਂ ਸਹਿਤ ਸਫ਼ਰਨਾਮਾ 250-300 ਸ਼ਬਦਾਂ ਵਿੱਚ ਤਿਆਰ ਕਰੋ।



Contact for Solutions Unnati Educations
9899436384, 9654279279

Set 4

# ਪੰਜਾਬੀ

# TMA

**(Senior Secondary)**

ਕੁਲ ਅੰਕ : 20
**MM. : 20**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

**ਪ੍ਰ.1. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਤੁਸੀਂ ਲਿਖਦੇ ਸਮੇਂ ਵੱਖ-ਵੱਖ ਵਾਕਾਂ ਜਿਵੇਂ ਸੰਯੁਕਤ, ਮਿਸ਼ਰਤ, ਸਾਧਾਰਨ, ਗੁੰਝਲਦਾਰ ਆਦਿ ਵਾਕਾਂ ਨੂੰ ਪੜ੍ਹਦੇ ਅਤੇ ਲਿਖਦੇ ਹੋ। ਇਸੇ ਤਰ੍ਹਾਂ ਵੱਖ-ਵੱਖ ਵਾਕਾਂ ਦੀ ਪਰਿਭਾਸ਼ਾ ਦਿੰਦੇ ਹੋਏ ਬਿਆਨੀਆ ਵਾਕ ਬਾਰੇ ਜਾਣਕਾਰੀ ਦਿਓ।

ਜਾਂ

ਤੁਹਾਨੂੰ ਆਪਣੇ ਦੇਸ਼ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ ਤੇ ਤੁਸੀਂ ਵੇਖਿਆ ਕਿ ਵੱਖ-ਵੱਖ ਸੂਬਿਆਂ ਅੰਦਰ ਰਹਿਣ ਵਾਲੇ ਨੌਜਵਾਨਾਂ ਦਾ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਰਾਵਾ ਵੱਖੋ-ਵੱਖਰਾ ਹੋ ਸਕਦਾ ਹੈ। ਹੁਣ ਤੁਸੀਂ ਪੰਜਾਬ ਦੇ ਜਵਾਨਾਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ਉਸ ਬਾਬਤ ਆਪਣੇ ਵਿਚਾਰ ਪ੍ਰਗਟ ਕਰੋ।

**ਪ੍ਰ.2. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਨੁੱਖ ਨੂੰ ਆਪਣੇ ਜੀਵਨ ਵਿੱਚ ਹਰ ਕਿਸੇ ਨੂੰ ਪਿਆਰ ਨਾਲ ਬੋਲਣਾ ਚਾਹੀਦਾ ਹੈ ਤੇ ਇਸ ਦੀ ਆਰੰਭਤਾ ਵਿਦਿਆਰਥੀ ਜੀਵਨ ਵਿੱਚ ਹੀ ਹੁੰਦੀ ਹੈ। ਮਾੜੇ ਬੋਲ ਬੋਲਣ ਵਾਲਾ ਆਪ ਵੀ ਦੁਖੀ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਦੁਖੀ ਕਰਦਾ ਹੈ। ਮਿੱਠਾ ਬੋਲਣ ਵਾਲਾ ਮਨੁੱਖ ਆਪਣੇ ਜੀਵਨ ਅੰਦਰ ਕਦੇ ਵੀ ਹਾਰਦਾ ਨਹੀਂ ਹੈ, ਲਕੀਰੇ ਸ਼ਬਦ ਦਾ ਵਿਰੋਧੀ ਸ਼ਬਦ ਦੇ ਦੋ-ਦੋ ਵਾਕ ਬਣਾਓ।

ਜਾਂ

ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਨਦੀਆਂ, ਦਰਿਆ ਵਹਿੰਦੇ ਹਨ ਜੋ ਅਣਗਿਣਤ ਹਨ ਭਾਵੇਂ ਗੰਗਾ, ਜਮਨਾ ਵਰਗੀਆਂ ਨਦੀਆਂ ਹੋਣ। ਕਿਹੜੇ-ਕਿਹੜੇ ਦਰਿਆ ਦੇ ਨਾਂ ਉੱਤੇ ਪੰਜਾਬ ਦਾ ਨਾਂ ਪਿਆ ਉਹਨਾਂ ਬਾਰੇ ਜਾਣਕਾਰੀ ਦਿਓ।

**ਪ੍ਰ.3. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਨੁੱਖ ਆਪਣੀ ਦਿੱਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੋਈ ਨਾ ਕੋਈ ਤਜ਼ਰਬਾ ਕਰਦਾ ਰਹਿੰਦਾ ਹੈ ਤੇ ਖਾਸ ਤੌਰ ਉੱਤੇ ਭਾਸ਼ਾ ਨੂੰ ਖਿੱਚ ਭਰਪੂਰ ਬਣਾਉਣ ਵਾਸਤੇ ਵੀ ਨਵੇਂ ਤੋਂ ਨਵੇਂ ਤਜ਼ਰਬੇ ਕਰਦਾ ਹੈ। ਕਿਸੇ ਵੀ ਭਾਸ਼ਾ ਦੀ ਜਿੰਦ-ਜਾਨ ਮੁਹਾਵਰੇ ਅਤੇ ਅਖਾਣ ਹੁੰਦੇ ਹਨ। ਇਹਨਾਂ ਵਿਚਲਾ ਸਪਸ਼ੱਟ ਅੰਤਰ ਸ਼ਬਦਾਂ ਵਿੱਚ ਲਿਖੋ।

ਜਾਂ

ਪੰਜਾਬੀਅਤ ਦੀ ਪਛਾਣ ਕਰਾਉਣ ਵਾਲੇ ਬਲਰਾਜ ਸਾਹਨੀ ਨੇ ਆਪਣੇ ਜੀਵਨ ਵਿੱਚ ਅਨੇਕਾਂ ਲੋਕਾਂ ਦੀ ਕਿਸੇ ਨਾ



Contact for Solutions Unnati Educations
9899436384, 9654279279

ਕਿਸੇ ਰੂਪ ਵਿੱਚ ਸਹਾਇਤਾ ਕੀਤੀ ਹੈ ਭਾਵੇਂ ਇਹ ਸਹਾਇਤਾ ਆਰਥਕ, ਸਾਹਿਤਕ, ਅਦਾਕਾਰੀ ਦੇ ਖੇਤਰ ਵਿੱਚ ਸੀ। ਇਸੇ ਤਰ੍ਹਾਂ ਉਹਨਾਂ ਦੀ ਮਸ਼ਹੂਰ ਰਚਨਾ 'ਅਥਰੂ' ਵਿੱਚ ਇਕ ਨੌਜਵਾਨ ਦੀ ਸਹਾਇਤਾ ਉਨ੍ਹਾਂ ਨੇ ਕਿਵੇਂ ਕੀਤੀ ਇਸ ਬਾਰੇ ਲਿਖੋ।

**ਪ੍ਰ.4. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਸਦੀਆਂ ਪੁਰਾਣੀ ਸਾਡੇ ਦੇਸ ਦੀ ਸੰਸਕ੍ਰਿਤੀ ਹੈ ਕਿ ਦੁੱਖ ਵੇਲੇ ਹਰ ਕਿਸੇ ਦੀ ਸਹਾਇਤਾ ਬਿਨਾਂ ਕਿਸੇ ਭੇਦ-ਭਾਵ ਦੇ ਕੀਤੀ ਜਾਵੇ ਤੇ ਮੌਜੂਦਾ ਸਮੇਂ ਵਿੱਚ ਵੀ ਇਸ ਨੂੰ ਨਿਭਾਇਆ ਜਾ ਰਿਹਾ ਹੈ। ਪੰਜਾਬ ਦੇ ਜਵਾਨਾਂ ਵੱਲੋਂ ਦੂਜਿਆਂ ਦੀ ਸਹਾਇਤਾ ਕਿਵੇਂ ਕੀਤੀ ਜਾਂਦੀ ਹੈ ਇਸ ਬਾਰੇ ਆਪਣਾ ਉੱਤਰ ਦਿਓ।

ਜਾਂ

ਨਾਇਕ ਬਲਰਾਜ ਸਾਹਨੀ ਦਾ ਜੀਵਨ ਬਹੁਤ ਹੀ ਰੁੱਝਿਆ ਹੋਇਆ ਹੁੰਦਾ ਸੀ। ਇਸ ਦੇ ਬਾਵਜੂਦ ਉਹ ਸਾਹਿਤ ਰਚਨਾ ਵਿੱਚ ਵੀ ਆਪਣਾ ਯੋਗਦਾਨ ਦੇਣ ਦਾ ਉਪਰਾਲਾ ਕਰਦਾ ਰਹਿੰਦਾ ਸੀ। ਇੱਕ ਵਾਰੀ ਉਸ ਕੋਲ ਕੋਈ ਨੌਜਵਾਨ ਜਦੋਂ ਮਦਦ ਮੰਗਣ ਆਇਆ ਤਾਂ ਉਹ ਉਸ ਦੀ ਯੋਗਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੌਜਵਾਨ ਦੀ ਕਿਹੜੀ ਯੋਗਤਾ ਨੇ ਬਲਰਾਜ ਸਾਹਨੀ ਨੂੰ ਪ੍ਰਭਾਵਿਤ ਕੀਤਾ ਇਸ ਬਾਰੇ ਆਪਣੇ ਵਿਚਾਰ ਲਿਖੋ।

**ਪ੍ਰ. 5. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਅਸੀਂ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਤੋਂ ਜ਼ਰੂਰ ਪ੍ਰਭਾਵਿਤ ਹੁੰਦੇ ਹਾਂ ਤੇ ਉਸ ਦੀ ਸ਼ਖਸ਼ੀਅਤ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਹਾਂ। ਇਹੋ ਜਿਹੀ ਸ਼ਖਸ਼ੀਅਤ 'ਬਲਵੰਤ ਗਾਰਗੀ' ਦੇ ਜੀਵਨ ਤੋਂ ਤੁਹਾਨੂੰ ਕੀ ਪ੍ਰੇਰਣਾ ਮਿਲਦੀ ਹੈ ਇਸ ਬਾਰੇ ਆਪਣੇ ਵਿਚਾਰ ਲਿਖੋ।

ਜਾਂ

ਕਰਾਮਾਤ ਕਹਾਣੀ ਵਿੱਚ ਸਿਰਲੇਖ ਅਨੁਸਾਰ ਕੋਈ ਕਰਾਮਾਤ ਘੱਟਦੀ ਹੋਈ ਨਜ਼ਰ ਨਹੀਂ ਆਉਂਦੀ। ਲੇਕਿਨ ਇਹ ਸਿਰਲੇਖ ਸਾਨੂੰ ਇੱਕ ਵੱਖਰੀ ਕਿਸਮ ਦਾ ਸੁਨੇਹਾ ਦਿੰਦਾ ਨਜ਼ਰ ਆਉਂਦਾ ਹੈ। ਉਹ ਸੁਨੇਹਾ ਕਿਹੜਾ ਹੈ? ਆਪਣੇ ਵਿਚਾਰ ਪ੍ਰਗਟ ਕਰੋ।

**ਪ੍ਰ. 6. ਕੋਈ ਇੱਕ ਪ੍ਰੋਜੈਕਟ ਬਣਾਓ—** (6)

'ਅੱਥਰੂ' ਡਾਇਰੀ ਅੰਸ਼ ਦੇ ਆਧਾਰ ਤੇ ਤੁਸੀਂ ਇਕ ਮਹੀਨੇ ਦੀ ਆਪਣੀ ਰੋਜ਼ਾਨਾ ਜੀਵਨ ਦੀ ਡਾਇਰੀ ਲਿਖੋ ਤੇ ਮਹੀਨੇ ਦੇ ਅਖੀਰ ਤੇ ਪੜਚੋਲ ਕਰੋ ਕਿ ਸਭ ਤੋਂ ਚੰਗਾ ਕੰਮ ਕਿਹੜਾ ਕੀਤਾ ਤੇ ਕਿਹੜੇ ਕੰਮ ਵਿੱਚ ਸੁਧਾਰ ਕਰਕੇ ਤੁਸੀਂ ਹੋਰ ਚੰਗੇ ਬਣ ਸਕਦੇ ਹੋ?

ਜਾਂ

ਭਾਰਤ 1947 ਵਿੱਚ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ ਤੇ ਇਸ ਦੇ ਦੋ ਟੁਕੜੇ ਵੀ ਹੋਏ ਸਨ। ਦੂਜਾ ਟੁਕੜਾ ਕਿਹੜੇ ਪ੍ਰਾਂਤ ਦਾ ਹੋਇਆ। ਉਸਦਾ 1947 ਤੋਂ ਪਹਿਲੇ ਦਾ ਨਕਸ਼ਾ ਤੇ ਮੌਜੂਦਾ ਨਕਸ਼ਾ ਤਿਆਰ ਕਰੋ ਤੇ ਮੌਜੂਦਾ ਪੰਜ ਪ੍ਰਮੁੱਖ ਸ਼ਹਿਰਾਂ ਨੂੰ ਚਿੰਨ੍ਹਤ ਕਰੋ।



Contact for Solutions Unnati Educations
9899436384, 9654279279